


# ਪੰਜਾਬੀ ਫੀਚਰ ਫ਼ਿਲਮਾਂ 'ਦਿੱਲੀ ਤੋਂ ਲਾਹੌਰ' ਵਿਚ ਮੁੱਖ ਕਿਰਦਾਰ ਨਿਭਾ ਕੇ ਖੁਸ਼ੀ ਮਿਲੀ-ਰਜ਼ੀਆ ਸੁਖਬੀਰ

ਦਿਲ ਵਿਚ ਕੁਝ ਕਰਨ ਦੀ ਤਮੰਨਾ, ਆਤਮ ਵਿਸ਼ਵਾਸ ਅਤੇ ਦ੍ਰਿੜ ਇਰਾਦਾ ਹੋਵੇ ਤਾਂ ਇਨਸਾਨ ਕਿਸੇ ਵੀ ਮੰਜ਼ਿਲ 'ਤੇ ਪਹੁੰਚ ਸਕਦਾ ਹੈ। ਕਿਸੇ ਵੀ ਮੰਜ਼ਿਲ 'ਤੇ ਪੌੜੀ ਦਰ ਪੌੜੀ ਚੜ੍ਹਨ ਵਾਲ ਇਨਸਾਨ ਲੰਬੀ ਰੇਸ ਦਾ ਘੋੜਾ ਬਣ ਸਕਦਾ ਹੈ। ਭਾਵੇਂ ਕਿ ਸਾਡਾ ਸਮਾਜ ਲੜਕੀਆਂ ਨੂੰ ਕਿਸੇ ਖੇਤਰ ਵਿਚ ਜਾਣ ਲਈ ਰੁਕਾਵਟਾਂ ਖੜ੍ਹੀਆਂ ਕਰ ਰਹਿ ਹੈ, ਪਰ ਕੁਝ ਐਸੀਆਂ ਲੜਕੀਆਂ ਵੀ ਹਨ, ਜੋ ਆਪਣੀ ਮਿਹਨਤ ਅਤੇ ਕਾਬਲੀਅਤ ਜ਼ਰੀਏ, ਸਮਾਜ ਦੇ ਬੰਧਨਾਂ ਤੋਂ ਉੱਪਰ ਉਠ ਕੇ ਆਪਣੇ ਸ਼ੌਕ ਨੂੰ ਪੂਰਾ ਕਰ ਲੈਂਦੀਅ ਹਨ। ਐਸੀ ਹੀ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੀ ਸਾਹਸੀ ਲੜਕੀ ਰਜ਼ੀਆ ਸੁਖਬੀਰ, ਜੋ ਰੰਗਮੰਚ ਦੇ ਖੇਤਰ 'ਚ ਲੰਬਾ ਸੰਘਰਸ਼ ਕਰਕੇ ਅੱਜ ਫਿਲਮਾਂ ਵਿਚ ਵੱਖ-ਵੱਖ ਕਿਰਦਾਰ ਨਿਭਾਅ ਕੇ ਆਪਣੀ ਪਹਿਚਾਣ ਬਣਾ ਰਹੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਦੀ ਰਜ਼ੀਆ ਸੁਖਬੀਰ ਨਾਲ ਮੁਲਾਕਾਤ ਸੁਨਾਮ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਵਸੇ ਪਿੰਡ ਰਟੌਲਾਂ ਵਿਖੇ ਨਿਰਦੇਸ਼ਕ ਬਲਵੀਰ ਬੇਗਮਪੁਰੀ ਦੀ ਮੁਲਾਕਾਤ ਸੁਨਾਮ ਤੋ 20 ਕਿਲੋਮੀਟਰ ਦੂਰ 'ਤੇ ਵਸੇ ਪਿੰਡ ਰਟੌਲਾਂ ਵਿਖੇ ਨਿਰਦੇਸ਼ਕ ਬਲਵੀਰ ਬੇਗਮਪੁਰੀ ਦੀ ਫੀਚਰ ਫ਼ਿਲਮ 'ਦਿੱਲੀ ਤੋਂ ਲਾਹੌਰ' ਦੇ ਸੈੱਟ 'ਤੇ ਹੋਈ। ਪੇਸ਼ ਹਨ ਰਜ਼ੀਆ ਸੁਖਬੀਰ ਨਾਲ ਹੋਈ ਮੁਲਾਕਾਤ ਦੇ ਅੰਸ਼-

**? ਰਜ਼ੀਆ ਜੀ ਸਭ ਤੋਂ ਪਹਿਲਾਂ ਆਪਣੇ ਪਰਿਵਾਰਿਕ ਪਿਛੋਕੜ ਅਤੇ ਪੜ੍ਹਾਈ ਬਾਰੇ ਪਾਠਕਾਂ ਨੂੰ ਦੱਸੋ?**

- ਸਾਜਨ ਜੀ, ਮੈਂ ਵੀ ਤੁਹਾਡੇ ਪਿੰਡ ਯਾਨੀ ਬਠਿੰਡਾ ਦੇ ਪਿੰਡ ਦਿਓਣ ਦੀ ਪਿਤਾ ਸ. ਨਿਰਭੈ ਸਿੰਘ ਮਾਸਟਰ ਅਤੇ ਮਾਤਾ ਸੁਖਵਿੰਦਰ ਕੌਰ ਦੀ ਲਾਡਾਂ ਪਾਲੀ ਧੀ ਹਾਂ। ਆਪਣੇ ਪਿੰਡ ਦਿਓਣ ਵਿਖੇ ਸੱਤ ਕਲਾਸਾਂ ਪੜ੍ਹਨ ਤੋਂ ਬਾਅਦ ਸਡਾ ਪਰਿਵਾਰ ਬਠਿੰਡਾ ਵਿਖੇ ਰਹਿਣ ਲੱਗ ਪਿਆ ਹੈ। ਇਸ ਲਈ ਹੁਣ ਅਸੀਂ ਲੰਮੇ ਸਮੇਂ ਤੋਂ ਬਠਿੰਡਾ ਵਿਚ ਦੋ ਭੈਣਾਂ ਮਲਕੀਤ ਕੌਰ ਟੀਚਰ, ਰਾਜਵੀਰ ਕੌਰ ਬਠਿੰਡਾ ਰੇਡੀਓ ਸਟੇਸ਼ਨ ਵਿਚ ਅਨਾਊਂਸਰ ਵਜੋਂ ਅਤੇ ਦੋ ਭਰਾ ਜੁਗਨੂੰ, ਜੈਨੀ ਬਰਾੜ ਨਾਲ ਰਹਿ ਰਹੇ ਹਾਂ। ਮੈਂ ਗ੍ਰੈਜੂਏਟ ਤੋਂ ਬਾਅਦ ਐਮ.ਏ. ਹਿਸਟਰੀ ਕੀਤੀ ਹੈ।

**? ਤੁਸੀਂ ਇਕ ਜ਼ਿਮੀਂਦਾਰ ਪਰਿਵਾਰ ਨਾਲ ਸੰਬੰਧਿਤ ਹੋ, ਫਿਰ ਤੁਹਾਡਾ ਫ਼ਿਲਮਾਂ ਵਿਚ ਜਾਣ ਕਰਕੇ ਵਿਰੋਧ ਨਹੀਂ ਹੋਇਆ ਕਦੇ?**

- ਫ਼ਿਲਮਾਂ ਵਿਚ ਜਾਣ ਲਈ ਮੇਰੇ ਮਾਤਾ-ਪਿਤ ਨੇ ਮੈਨੂੰ ਹਮੇਸ਼ਾ ਹੱਲਾਸ਼ੇਰੀ ਦਿੱਤੀ ਹੈ। ਉਨ੍ਹਾਂ ਦੀ ਹੱਲਾਸ਼ੇਰੀ ਅਤੇ ਸਹਿਯੋਗ ਸਦਕਾ ਹੀ ਇਸ ਖੇਤਰ ਵਿਚ ਅੱਗੇ ਵੱਧ ਰਹੀ ਹਾਂ।

**? ਤੁਹਾਡੇ ਨਾਂਅ ਨਾਲ ਰਜ਼ੀਆ ਕਿਵੇਂ ਜੁੜਿਆ ਅਤੇ ਤੁਹਾਨੂੰ ਇਸ ਖੇਤਰ ਵਿਚ ਜਾਣ ਲਈ ਕਿਥੋਂ ਚੇਟਕ ਲੱਗੀ?**

-ਵੈਸੇ ਤਾਂ ਮੇਰਾ ਨਾਂਅ ਸੁਖਬੀਰ ਕੌਰ ਬਰਾੜ ਹੈ, ਪਰ ਬਠਿੰਡਾ 'ਚ 2005 ਦੇ ਵਿਰਾਸਤੀ ਮੇਲੇ ਮੌਕੇ 'ਰਜ਼ੀਆ ਸੁਲਤਾਨ' ਦਾ ਨਾਨਕ ਉੱਘੇ ਰੰਗਕਰਮੀ ਟੋਨੀ ਬਾਤਿਸ਼ ਦੀ ਨਿਰਦੇਸ਼ਨਾ ਹੇਠ ਖੇਡਿਆ। ਇਸ ਤਿੰਨ ਘੰਟਿਆਂ ਦੇ ਨਾਟਕ ਵਿਚ ਢਾਈ ਘੰਟਿਆਂ ਦਾ ਲਗਾਤਾਰ ਮੇਰਾ ਰੋਲ ਸੀ। ਇਸ ਨਾਟਕ ਨੂੰ ਦੇਖਦੇ ਲੋਕ ਮੈਨੂੰ ਰਜ਼ੀਆ ਕਹਿਣ ਲੱਗ ਪਏ ਹਨ। ਵੈਸੇ ਵੀ ਟੋਨੀ ਬਾਤਿਸ਼ ਜੀ ਦੀ ਨਿਰਦੇਸ਼ਨਾ ਹੇਠ 27-28 ਨਾਟਕ ਕੀਤੇ ਜਿਨ੍ਹਾਂ ਵਿਚੋਂ 'ਪਰਿੰਦੇ ਜਾਣ ਹੁਣ ਕਿਥੇ', 'ਜਦੋਂ ਮੈਂ ਸਿਰਫ ਔਰਤ ਸੀ', 'ਹਿੰਦ ਦੀ ਚਾਂਦਰ', 'ਭਗਤ ਸਿੰਘ', 'ਕੇਹਰੂ 10 ਨੰਬਰੀਆਂ', 'ਮਹਾਂਭਾਰਤ', 'ਟੈਰੋਰਿਸਟ ਦੀ ਪ੍ਰੇਮਿਕਾ' ਆਦਿ ਪ੍ਰਸਿੱਧ ਹੋਏ। ਰਾਜਿੰਦਰਾ ਕਾਲਜ ਪੜ੍ਹਦਿਆਂ 6-7 ਸਾਲ ਨਾਟਕ ਕੀਤੇ।

**? ਤੁਸੀਂ ਪਹਿਲੀ ਵਾਰ ਕਿਹੜੀ ਫ਼ਿਲਮ ਵਿਚ ਅਦਾਕਾਰੀ ਕੀਤੀ?**

-ਉਸਤਾਦ ਟੋਨੀ ਬਾਤਿਸ਼ ਜੀ ਦੀ ਬਦੌਲਤ ਪਹਿਲੀ ਵਾਰ ਮੈਂ ਮਾਣਯੋਗ ਮਨਮੋਹਨ ਸਿੰਘ ਨਿਰਮਾਤਾ, ਨਿਰਦੇਸ਼ਕ ਦੀ ਫ਼ਿਲਮ 'ਮਿੱਟੀ ਵਾਜਾਂ ਮਾਰਦੀ' ਦੇ ਸੈੱਟ 'ਤੇ ਗਈ। ਇਸ ਤੋਂ ਪਹਿਲਾਂ ਮੈਂ ਕਦੇ ਕੈਮਰੇ ਦਾ ਸਾਹਮਣਾ ਨਹੀਂ ਕੀਤਾ ਸੀ। ਨਾ ਹੀ ਫ਼ਿਲਮਾਂ ਬਾਰੇ ਪਤਾਸੀ ਪਰ ਮੈਨੂੰ ਇਸ ਫ਼ਿਲਮ ਵਿਚ ਭਾਵੇਂ ਛੋਟਾ ਕਿਰਦਾਰ ਮਿਲਿਆ ਪਰ ਇਸ ਤੋਂ ਬਾਅਦ ਮੈਨੂੰ ਅੱਗੇ ਵੱਧਣ ਦਾ ਹਰ ਮੌਕਾ ਮਿਲਿਆ। ਇਸ ਤੋਂ ਬਾਅਦ ਕਈ ਟੈਲੀ, ਐਂਡ ਅਤੇ ਧਾਰਮਿਕ ਫ਼ਿਲਮਾਂ ਵਿਚ ਵੀ ਕੰਮ ਕੀਤਾ ਪਰ ਮੇਰਾ ਸੁਪਨਾ ਵੱਡੇ ਪਰਦੇ 'ਤੇ ਅਦਾਕਾਰੀ ਕਰਨ ਦਾ ਸੀ।



**? ਫੇਰ ਤੁਸੀਂ ਕਿਹੜੀਆਂ ਵੱਡੇ ਪੱਧਰ ਦੀਆਂ ਫ਼ਿਲਮਾਂ ਵਿਚ ਅਦਾਕਾਰੀ ਕੀਤੀ?**

-ਵੱਡੇ ਪਰਦੇ ਦੀ ਫ਼ਿਲਮ 'ਮਿੱਟੀ ਵਾਜਾਂ ਮਾਰਦੀ', 'ਸੁਖਮਨੀ' ਵਿਚ ਭਾਵੇਂ ਛੋਟੇ-ਛੋਟੇ ਰੋਲ ਸਨ ਪਰ ਗਾਇਕ, ਅਦਾਕਾਰਾ ਰਾਜ ਬਰਾੜ ਦੀ ਪਹਿਲੀ ਫ਼ਿਲਮ 'ਜਵਾਨੀ ਜ਼ਿੰਦਾਬਾਦ' ਵਿਚ ਕਾਮੇਡੀ ਰੋਲ ਕੀਤ ਜਿਸ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ। ਭਰੂਣ ਹੱਤਿਆ ਦੇ ਸਬੰਧ ਵਿਚ ਨਿਰਦੇਸ਼ਕ ਮੁਕੇਸ਼ ਗੌਤਮ ਦੀ 'ਅੱਖੀਆਂ ਉਡੀਕਦੀਆਂ' ਵਿਚ ਨਿਰਮਲ ਰਿਸ਼ੀ ਦੀ ਨੂੰਹ ਸਿਮਰਨ ਦਾ ਬਹੁਤ ਹੀ ਭਾਵੁਕ ਰੋਲ ਕੀਤਾ। 'ਸਿਆਸਤ' ਵਿਚ ਗੁੱਗੂ ਗਿੱਲ ਜੀ ਦੀ ਪਤਨੀ ਦਾ ਰੋਲ ਵਧੀਆ ਰਿਹਾ। ਇਨ੍ਹਾਂ ਛੋਟੇ-ਛੋਟੇ ਰੋਲਾਂ ਤੋਂ ਪੌੜੀ ਦਰ ਪੌੜੀ ਅਦਾਕਾਰੀ ਦੀਆਂ ਮੰਜ਼ਿਲਾਂ ਚੜ੍ਹਦੀ ਰਹੀ।

**? ਇਸ ਤੋਂ ਬਾਅਦ ਕੋਈ ਹੋਰ ਵੀ ਵਧੀਆ ਫ਼ਿਲਮ ਵਿਚ ਅਦਾਕਾਰੀ ਕਰਨ ਦੀ ਮੌਕਾ ਮਿਲਿਆ?**

-ਪੰਜਾਬੀ ਸਿਨੇਮਾ ਦੀ ਸਤਿਕਾਰਯੋਗ ਸ਼ਖਸੀਅਤ ਮਨਮੋਹਨ ਸਿੰਘ ਦੀ ਚਰਚਾ ਵਿਚ ਰਹੀ ਫ਼ਿਲਮ 'ਇਕ ਕੁੜੀ ਪੰਜਾਬ ਦੀ' ਵਿਚ ਮੇਰਾ ਫ਼ਿਲਮ ਦੇ ਹੀਰੋ ਅਮਰਿੰਦਰ ਸਿੰਘ ਦੀ ਭਾਬੀ ਦਾ ਰੋਲ ਸੀ, ਜਿਸ ਨੂੰ ਕਾਫ਼ੀ ਹੁੰਗਾਰਾ ਮਿਲਿਆ। ਜੀਤ ਮਠਾਰੂ ਦੀ ਨਿਰਦੇਸ਼ਨਾਂ ਹੇਠ ਬਣ ਰਹੀ ਫ਼ਿਲਮ 'ਕੁਦੇਸਣ' ਵਿਚ ਵੀ ਕੜਕ ਅਤੇ ਬੜਬੋਲੀ ਲੜਕੀ ਵੀਰਾਂ ਦਾ ਅਹਿਮ ਕਿਰਦਾਰ ਹੈ। ਪਰ ਮੈਂ ਕਦੇ ਵੀ ਸੋਚਿਆ ਵੀ ਨਹੀਂ ਸੀ ਕਿ ਮੈਨੂੰ ਬਾਲੀਵੁੱਡ 'ਚ ਪੰਜਾਬ ਦੇ ਮਾਣ ਧਰਮਿੰਦਰ ਭਾਆ ਜੀ ਦੀ ਹੋਮ ਪ੍ਰੋਡਕਸ਼ਨ ਵਿਚ ਕੰਮ ਕਰਨ ਦਾ ਮੌਕਾ ਮਿਲੇਗਾ। ਹਿੰਦੀ ਫ਼ਿਲਮ 'ਯਮਲਾ ਪਗਲਾ ਦੀਵਾਨਾ' ਜੋ ਕਾਮੇਡੀ ਫ਼ਿਲਮ ਹੈ ਵਿਚ ਫ਼ਿਲਮ ਦੀ ਹੀਰੋਇਨ ਕੁਲਰਾਜ ਰੰਧਾਵਾ ਦੀ ਭਰਜਾਈ ਦਾ ਰੋਲ ਕੀਤਾ ਹੈ। ਜੋ ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਇਕੋ ਸਮੇਂ ਧਰਮਿੰਦਰ ਭਾਅ ਜੀ, ਸੰਨੀ ਦਿਓਲ ਅਤੇ ਬੌਬੀ ਦਿਓਲ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹ।

**? ਪੰਜਾਬੀ ਫੀਚਰ ਫ਼ਿਲਮ 'ਦਿੱਲੀ ਤੋਂ ਲਾਹੌਰ' ਵਿਚ ਤੁਹਾਡਾ ਕੀ ਰੋਲ ਹੈ?**

-'ਦਿੱਲੀ ਤੋਂ ਲਾਹੌਰ' ਫੀਚਰ ਫ਼ਿਲਮ ਜਿਸ ਦੀ ਸ਼ੂਟਿੰਗ ਚੱਲ ਰਹੀ ਹੈ, ਵਿਚ ਮੈਂ ਬੌਬੀ ਗਰੇਵਾਲ ਨਾਲ ਮੁੱਖ ਕਿਰਦਾਰ ਵਿਚ ਹਾਂ। ਇਸ ਫ਼ਿਲਮ ਵਿਚ ਮੈਂ ਮੁਸਲਿਮ ਲੜਕੀ ਦਾ ਰੋਲ ਕਰ ਰਹੀ ਹਾਂ ਜੋ ਪਾਕਿਸਤਾਨ ਤੋਂ ਆਪਣੇ ਦਾਦੇ ਨਾਲ ਹਿੰਦੁਸਤਾਨ ਵਿਚ ਦਿੱਲੀ ਤੋਂ ਲਾਹੌਰ ਬੱਸ ਰਾਹੀਂ ਆਉਂਦੇ ਹਨ ਪਰ ਪਾਕਿਸਤਾਨ ਦੇ ਦੇਸ਼ ਵਿਰੋਧੀ ਅਨਸਰ ਬੱਸ 'ਤੇ ਹਮਲਾ ਕਰਕੇ ਮੈਨੂੰ ਤੇ ਮੇਰੇ ਦਾਦਾ ਜੀ ਨੂੰ ਅਗਵਾ ਕਰਨਾ ਚਾਹੁੰਦੇ ਹਨ। ਹਿੰਦ-ਪਾਕਿ ਸਬੰਧਾਂ 'ਤੇ ਬਣ ਰਹੀ ਇਸ ਫ਼ਿਲਮ ਵਿਚ ਮੇਰਾ ਰੋਲ ਪਸੰਦ ਕੀਤਾ ਜਾਵੇਗਾ। ਇਸ ਫ਼ਿਲਮ ਦੇ ਨਿਰਦੇਸ਼ਕ ਬਲਵੀਰ ਬੇਗਮਪੁਰੀ, ਨਿਰਮਾਤਾ ਅਦਾਕਾਰਾ ਵਿਜੇ ਖੇਪੜ, ਬੌਬੀ ਗਰੇਵਾਲ, ਕਾਮੇਡੀ ਕਲਾਕਾਰ ਸੁਰਿੰਦਰ ਸ਼ਰਮਾ, ਪ੍ਰਕਾਸ਼ ਗਾਦੂ, ਹਰਜੀਤ ਭੁੱਲਰ ਅਤੇ ਅਨੀਤਾ ਮੀਤ ਨੇ ਮੇਰੀ ਬਹੁਤ ਹੌਂਸਲਾ ਅਫਜਾਈ ਕੀਤੀ ਹੈ। ਇਸ ਫ਼ਿਲਮ ਦੀ ਰਿਲੀਜ਼ ਤੋਂ ਬਾਅਦ ਮੇਰੇ ਲਈ ਹੋਰ ਵੀ ਵਧੀਆ ਰਸਤੇ ਖੁੱਲ੍ਹਣਗੇ। ਇਸ ਫ਼ਿਲਮ ਤੋਂ ਮੈਨੂੰ ਬਹੁਤ ਉਮੀਦਾਂ ਹਨ। ਇਸ ਤੋਂ ਇਲਾਵਾ ਹੋਰ ਫ਼ਿਲਮਾਂ ਵੀ ਕਰ ਰਹੀ ਹਾਂ।



**? ਫ਼ਿਲਮਾਂ ਤੋਂ ਇਲਾਵਾ ਹੋਰ ਵੀ ਨਵਾਂ ਕੁਝ ਕਰ ਰਹੇ ਹੋ?**

- ਫ਼ਿਲਮਾਂ ਤੋਂ ਇਲਾਵਾ ਆਈਬੀਐਨ-7 'ਤੇ ਐਡ ਫੀਚਰ ਟੈਕਸੀਮੈਨ, ਈ. ਟੀ. ਸੀ. ਚੈਨਲ 'ਤੇ ਕਾਮੇਡੀ ਸ਼ੋਅ ਲਾਫਟਰ ਹਾਊਸ, ਜਲੰਧਰ ਦੂਰਦਰਸ਼ਨ 'ਤੇ ਸੀਨੀਅਰ 'ਇਹ ਕੇਹੀ ਰੁੱਤ ਆਈ' ਨੈਗੇਟਿਵ ਰੋਲ, ਮਹਾਰਾਜਾ ਰਣਜੀਤ ਸਿੰਘ ਸੀਰੀਅਲ ਵਿਚ ਵੀ ਮੇਰਾ ਅਹਿਮ ਕਿਰਦਾਰ ਹੈ। ਹਿੰਦੀ ਸੀਰੀਅਲ 'ਚ ਨੈਗੇਟਿਵ ਰੋਲ ਕਰਨ ਦੀ ਇੱਛਾ ਹੈ। ਮੈਂ ਸ਼ੋਅਪੀਸ ਨਹੀਂ ਬਣਾ ਚਾਹੁੰਦੀ, ਜਿਸ ਫ਼ਿਲਮ ਵਿਚ ਕੁਝ ਕਰਨ ਲਈ ਹੋਵੇ ਅਤੇ ਕਲਾ ਦਿਖਾਉਣ ਦਾ ਮੌਕਾ ਮਿਲੇ, ਮੈਂ ਕਰਦੀ ਰਹਾਂਗੀ।

**ਗੁਰਨੈਬ ਸਿੰਘ ਸਾਜਨ**